# ਕੀ ਤੁਸੀਂ ਕਿਰਾਇਆ ਦੇਣ ਵਿੱਚ ਪਿੱਛੇ ਹੋ?

# ਕੀ ਤੁਸੀਂ ਬੇਦਖਲੀ ਬਾਰੇ ਚਿੰਤਤ ਹੋ?

# ਕੀ ਤੁਸੀਂ ਇੱਕ ਮਕਾਨ-ਮਾਲਕ ਹੋ ਜੋ ਕੋਵਿਡ -19 ਜਨਤਕ ਸਿਹਤ ਸੰਕਟ ਦੇ ਨਤੀਜੇ ਵਜੋਂ ਵਿੱਤੀ ਤੰਗੀ ਦਾ ਸਾਹਮਣਾ ਕਰ ਰਹੇ ਹੋ?

*ਇਹ ਸੇਵਾਵਾਂ **ਸਾਰੇ** ਵਟਕਾਮ ਕਾਉਂਟੀ ਦੇ ਵਸਨੀਕਾਂ ਲਈ ਉਪਲਬਧ ਹਨ। ਕੀ ਯੋਗਤਾ ਬਾਰੇ ਉਤਸੁਕ ਹੋ? ਸਾਨੂੰ ਕਾਲ ਕਰੋ, ਅਸੀਂ ਇੱਥੇ ਸਹਾਇਤਾ ਕਰਨ ਲਈ ਉਪਲਬਧ ਹਾਂ।*

Opportunity Council ਕਿਰਾਏ ਅਤੇ ਸਹੂਲਤਾਂ ਲਈ ਸੀਮਤ ਵਿੱਤੀ ਸਹਾਇਤਾ ਪ੍ਰਦਾਨ ਕਰਦੀ ਹੈ। ਇੱਕ ਵਾਰ ਨਿਯੁਕਤੀਆਂ ਪੂਰੀਆਂ ਹੋਣ ਤੋਂ ਬਾਅਦ, ਉਹ ਮਹੀਨੇ ਦੇ ਪਹਿਲੇ ਕਾਰੋਬਾਰੀ ਦਿਨ 'ਤੇ ਹੋਰ ਨਿਯੁਕਤੀਆਂ ਦੁਬਾਰਾ ਖੋਲ੍ਹਣਗੇ। ਸ਼ੁਰੂਆਤੀ ਯੋਗਤਾ ਜਾਂਚ ਨੂੰ ਪੂਰਾ ਕਰਨ ਲਈ, ਮਕਾਨ ਮਾਲਕ ਜਾਂ ਕਿਰਾਏਦਾਰ www.oppco.org/basic-needs/housing/help-with-rent 'ਤੇ ਆਨਲਾਈਨ ਅਰਜ਼ੀ ਦੇ ਸਕਦੇ ਹਨ ਜਾਂ 360-746-3826 'ਤੇ ਵੌਇਸਮੇਲ ਕਰ ਸਕਦੇ ਹਨ।

LAW Advocates (ਲਾਅ ਐਡਵੋਕੇਟ/ਕਾਨੂੰਨੀ ਵਕੀਲ ) ਦੇ ਪ੍ਰਤੀਨਿਧੀ ਘੱਟ ਆਮਦਨੀ ਵਾਲੇ ਵਟਕਾਮ ਕਾਉਂਟੀ ਦੇ ਕਿਰਾਏਦਾਰਾਂ ਲਈ ਮੁਫਤ ਮਸ਼ਵਰਾ ਦਿੰਦੇ ਹਨ, ਅਤੇ ਕਈ ਵਾਰ ਮਕਾਨ ਮਾਲਕਾਂ ਨਾਲ ਝਗੜਿਆਂ ਵਿੱਚ ਕਿਰਾਏਦਾਰਾਂ ਦੀ ਨੁਮਾਇੰਦਗੀ ਕਰਦੇ ਹਨ। ਲਾਅ ਐਡਵੋਕੇਟ/ਕਾਨੂੰਨੀ ਵਕੀਲ ਕਿਰਾਏਦਾਰੀ ਸਹਾਇਤਾ ਸੰਬੰਧੀ ਅਰਜ਼ੀਆਂ ਨਾਲ ਕਿਰਾਏਦਾਰਾਂ ਦੀ ਸਹਾਇਤਾ ਵੀ ਕਰ ਸਕਦੇ ਹਨ। ਸਾਰੀਆਂ ਸੇਵਾਵਾਂ ਮੁਫਤ ਹਨ। ਕਿਰਪਾ ਕਰਕੇ 360-671-6079 ਐਕਸਟੈਂਸ਼ਨ 15 'ਤੇ ਕਾਲ ਕਰੋ ਅਤੇ ਤੁਹਾਨੂੰ ਦਾਖਲੇ ਲਈ ਵਾਪਸ ਕਾਲ ਕੀਤੀ ਜਾਵੇਗੀ।

Northwest Justice Project (NJP) (ਐੱਨਜੇਪੀ) ਅਤੇ ਲਾਅ ਐਡਵੋਕੇਟਸ/ਕਾਨੂੰਨੀ ਵਕੀਲਾਂ ਵਾਲੇ ਪ੍ਰਤੀਨਿਧੀ ਘੱਟ ਆਮਦਨੀ ਵਾਲੇ ਕਿਰਾਏਦਾਰਾਂ ਦੀ ਨੁਮਾਇੰਦਗੀ ਕਰਨਗੇ ਜਿਨ੍ਹਾਂ ਉੱਪਰ ਅਟਾਰਨੀ ਦੀ ਉਪਲਬਧਤਾ ਦੇ ਅਧਾਰ 'ਤੇ ਬਿਨਾਂ ਕਿਸੇ ਦੋਸ਼ ਦੇ ਬੇਦਖਲੀ ਲਈ ਮੁਕੱਦਮਾ ਚਲਾਇਆ ਜਾ ਰਿਹਾ ਹੈ। ਜੇ ਤੁਹਾਡੇ 'ਤੇ ਬੇਦਖਲੀ ਲਈ ਮੁਕੱਦਮਾ ਚੱਲ ਰਿਹਾ ਹੈ ਅਤੇ ਤੁਹਾਡੇ ਕੋਲ ਕੋਈ ਵਕੀਲ ਨਹੀਂ ਹੈ, ਤਾਂ 855-657-8387 'ਤੇ ਇਵਿਕਸ਼ਨ ਡਿਫੈਂਸ ਸਕ੍ਰੀਨਿੰਗ ਲਾਈਨ 'ਤੇ ਕਾਲ ਕਰੋ ਜਾਂ www.nwjustice.org/apply-online 'ਤੇ ਆਨਲਾਈਨ ਅਰਜ਼ੀ ਦਿਓ। ਜੇ ਤੁਸੀਂ ਯੋਗ ਹੋ, ਤਾਂ ਐੱਨਜੀਪੀ ਜਾਂ ਕਾਨੂੰਨ ਦੇ ਵਕੀਲਾਂ ਨਾਲ ਤੁਹਾਡੇ ਮਾਮਲੇ ਸੰਬੰਧੀ ਸੰਪਰਕ ਕੀਤਾ ਜਾਵੇਗਾ।

Whatcom Dispute Resolution Center (WDRC) (ਡਬਲਯੂਡੀਆਰਸੀ) ਕਿਰਾਏਦਾਰਾਂ ਅਤੇ ਮਕਾਨ ਮਾਲਕਾਂ ਲਈ ਨਿਰਪੱਖ ਮਾਮਲਾ ਪ੍ਰਬੰਧਨ, ਸਮਝੌਤਾ, ਅਤੇ ਵਿਚੋਲਗੀ ਪ੍ਰਦਾਨ ਕਰਦਾ ਹੈ। ਇਹ ਸੇਵਾਵਾਂ ਰਿਹਾਇਸ਼ ਨੂੰ ਬਣਾਈ ਰੱਖਣ ਅਤੇ ਬੇਦਖਲੀ ਨੂੰ ਰੋਕਣ ਲਈ ਕਿਰਾਇਆ ਭੁਗਤਾਨ ਯੋਜਨਾਵਾਂ ਅਤੇ ਹੋਰ ਜ਼ਰੂਰੀ ਸਮਝੌਤਿਆਂ ਦੇ ਸੰਵਾਦ ਅਤੇ ਸਮਾਧਾਨ ਨੂੰ ਉਤਸ਼ਾਹਿਤ ਕਰਦੀਆਂ ਹਨ। ਇਸ ਤੋਂ ਇਲਾਵਾ ਡਬਲਯੂਡੀਆਰਸੀ ਲੋੜ ਅਨੁਸਾਰ ਮੌਜੂਦਾ ਕਿਰਾਇਆ ਸਹਾਇਤਾ ਫੰਡਾਂ, ਕਾਨੂੰਨੀ ਸਹਾਇਤਾ, ਅਤੇ ਮਨੁੱਖੀ ਸੇਵਾਵਾਂ ਤੱਕ ਪਹੁੰਚ ਦੀ ਸਹੂਲਤ ਦਿੰਦਾ ਹੈ। ਸੇਵਾਵਾਂ ਮੁਫ਼ਤ ਅਤੇ ਕਈ ਭਾਸ਼ਾਵਾਂ ਵਿੱਚ ਉਪਲਬਧ ਹਨ। www.whatcomdrc.org 'ਤੇ ਜਾਕੇ, ਜਾਂ 360-676-0122 'ਤੇ ਕਾਲ ਕਰਕੇ ਹੋਰ ਜਾਣਕਾਰੀ ਪ੍ਰਾਪਤ ਕਰੋ।

opportunity council | LAW ADVOCATES of WHATCOM COUNTY SINCE 1987 | Northwest Justice Project | Whatcom Dispute Resolution Center whatcomdrc.org | Whatcom County HEALTH Department